ਦਿਲਜੀਤ ਦੋਸਾਂਝ ਨੇ ਮੈਟ ਗਾਲਾ 2025 'ਚ ਪੰਜਾਬੀਆਂ ਦੀ ਕਰਵਾਈ ਬੱਲੇ-ਬੱਲੇ

> ਮਹਾਰਾਜਾ ਲੁੱਕ 'ਚ ਖਿੱਚਿਆ ਧਿਆਨ

ਨਿਊਯਾਰਕ, 6 ਮਈ : ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਫੈਸ਼ਨ ਸਮਾਰੋਹ 'ਮੈੱਟ ਗਾਲਾ 2025' 'ਚ ਪਹਿਲੀ ਵਾਰ ਸ਼ਾਮਲ ਹੋਏ। ਇਸ ਤੋਂ ਪਹਿਲਾਂ ਦੋਸਾਂਝ ਨੇ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ ਉੱਤੇ 'ਮੈੱਟ ਗਾਲਾ' ਗੀਤ ਸਾਂਝਾ ਕਰਦਿਆਂ ਕੈਪਸ਼ਨ 'ਚ ਲਿਖਿਆ ਸੀ, "ਇਹ ਪਹਿਲੀ ਵਾਰ ਹੈ।" 'ਮੈੱਟ ਗਾਲਾ' ਸਮਾਰੋਹ 5 ਮਈ ਨੂੰ ਨਿਊਯਾਰਕ ਦੇ ਮੈਟਰੋਪੌਲੀਟਨ ਮਿਊਜ਼ੀਅਮ ਆਫ਼ ਆਰਟ 'ਚ ਕਰਵਾਇਆ ਗਿਆ। ਇਸ ਸਾਲ ਇਸ ਸਮਾਰੋਹ ਦਾ ਥੀਮ 'ਸੁਪਰਫਾਈਨ: ਟੇਲਰਿੰਗ ਬਲੈਕ ਸਟਾਈਲ' ਸੀ। ਦਿਲਜੀਤ ਤੋਂ ਇਲਾਵਾ ਬਾਲੀਵੁੱਡ ਅਦਾਕਾਰ ਸ਼ਾਹਰੁਖ ਖਾਨ, ਪ੍ਰਿਯੰਕਾ ਚੋਪੜਾ, ਕਿਆਰਾ ਅਡਵਾਨੀ, ਈਸ਼ਾ ਅੰਬਾਨੀ ਅਤੇ ਮਨੀਸ਼ ਮਲਹੋਤਰਾ ਸਨ।

ਦਿਲਜੀਤ ਦੋਸਾਂਝ ਵਲੋਂ ਅਪਣੇ ਮੈੱਟ ਗਾਲਾ ਲੁੱਕ ਨੂੰ ਵੇਖਣ ਤੋਂ ਬਾਅਦ ਉਤਸ਼ਾਹਿਤ ਪ੍ਰਸ਼ੰਸਕਾਂ ਨੇ ਕਿਹਾ, "ਪੰਜਾਬੀ ਆ ਗਏ ਓਏ।" ਨਿਊਯਾਰਕ ਸਿਟੀ ਦੇ ਮੈਟਰੋਪੌਲੀਟਨ ਮਿਊਜ਼ੀਅਮ ਆਫ਼ ਆਰਟ ਦੀਆਂ ਪ੍ਰਤੀਕ ਪੌੜੀਆਂ ਉੱਤੋਂ ਦਿਲਜੀਤ ਦੋਸਾਂਝ ਮਹਾਰਾਜਾ ਲੁੱਕ ਵਿਚ ਉਤਰਦੇ ਨਜ਼ਰ ਆਏ। ਦਿਲਜੀਤ ਦੋਸਾਂਝ ਨੇ ਰਵਾਇਤੀ ਪਹਿਰਾਵਾ ਪਹਿਨਿਆ – ਇਕ ਪੱਗ (ਸਿੱਖ ਪਛਾਣ ਦਾ ਪ੍ਰਤੀਕ) ਅਤੇ ਇਕ ਕੁੜਤਾ ਅਤੇ ਤਹਿਮਤ (ਇਕ ਲੰਮਾ ਟਿਊਨਿਕ ਅਤੇ ਡਰੇਪਡ ਬੌਟਮ)। ਵਿਸ਼ਵਵਿਆਪੀ ਪਲੇਟਫਾਰਮ 'ਤੇ ਅਪਣੇ ਪੰਜਾਬੀ ਸਭਿਆਚਾਰ ਨੂੰ ਮਾਣ ਨਾਲ ਵਿਖਾ ਉਂਦੇ ਹੋਏ, 'ਨੈਣਾ' ਹਿੱਟਮੇਕਰ ਨੇ ਅਪਣੇ ਪਹਿਰਾਵੇ ਨੂੰ ਅਕਸੈਸਰੀਜ਼ ਅਤੇ ਤਲਵਾਰ ਹੋਰ ਵੀ ਆਕਰਸ਼ਕ ਬਣਾ ਦਿਤਾ। ਉਨ੍ਹਾਂ ਦੇ ਪਹਿਰਾਵੇ ਵਿਚ ਇਕ ਲੰਬੀ ਕੇਪ ਵੀ ਸੀ, ਜਿਸ ਉੱਤੇ ਪੰਜਾਬੀ ਵਰਣਮਾਲਾ ਦੇ ਅੱਖਰ ਲਿਖੇ ਹੋਏ ਸਨ। ਜੇਕਰ ਰੀਪੋਰਟ ਸ ਉੱਤੇ ਯਕੀਨ ਕੀਤਾ ਜਾਵੇ ਤਾਂ ਦਿਲਜੀਤ ਨੇ ਮਾਹਰਾਜਾ ਭੁਪਿੰਦਰ ਸਿੰਘ ਆਫ਼ ਪਟਿਆਲਾ ਦੇ ਮਸ਼ਹੂਰ ਕਾਰਟੀਅਰ ਕਲੈਕਸ਼ਨ ਤੋਂ ਲਏ ਗਹਿਣੇ ਪਹਿਨੇ ਸਨ। ਮੈੱਟ ਗਾਲਾ 2025 ਦਿਲਜੀਤ ਦਾ ਹਾਲੀਵੁੱਡ ਦੀ ਸੱਭ ਤੋਂ ਵੱਡੀ ਫੈਸ਼ਨ ਨਾਈਟ 'ਚ ਡੈਬਿਊ ਸੀ। ਦਿਲਚਸਪ ਗੱਲ ਇਹ ਹੈ ਕਿ ਉਹ ਮੇਮੈੱਟ ਟ ਗਾਲਾ 'ਚ ਡੈਬਿਊ ਕਰਨ ਵਾਲਾ ਪਹਿਲਾ ਪੱਗ ਵਾਲਾ ਅਦਾਕਾਰ-ਗਾਇਕ ਬਣਿਆ। ਦਿਲਜੀਤ ਦੇ ਮੇਟ ਗਾਲਾ ਲੁੱਕ ਨੇ ਉਸ ਦੇ ਪ੍ਰਸ਼ੰਸਕਾਂ ਦੇ ਦਿਲਾਂ ਨੂੰ ਛੂਹ ਲਿਆ, ਕਿਉਂਕਿ ਬਹੁਤ ਸਾਰੇ ਲੋਕਾਂ ਨੇ ਉਸ ਦੀ ਪ੍ਰਸ਼ੰਸਾ ਕੀਤੀ ਅਤੇ ਉਸ ਦੇ ਪਹਿਰਾਵੇ ਪਿੱਛੇ ਉਸ ਦੀ ਸੋਚ ਦੀ ਸ਼ਲਾਘਾ ਕੀਤੀ।

"ਬਹੁਤ ਮਾਣ ਹੈ," ਇਕ ਸੋਸ਼ਲ ਮੀਡੀਆ ਉਪਭੋਗਤਾ ਨੇ ਟਿਪਣੀ ਕੀਤੀ। ਇਸ ਤੋਂ ਇਲਾਵਾ ਜਿਸ-ਜਿਸ ਨੇ ਵੀ ਦਿਲਜੀਤ ਦੋਸਾਂਝ ਨੂੰ ਇਸ ਲੁੱਕ ਵਿਚ ਵੇਖਿਆ ਉਹ ਤਾਰੀਫ਼ ਕਰੇ ਬਿਨਾਂ ਨਹੀਂ ਰਹਿ ਸਕਿਆ। *(ਏਜੰਸੀ)*

erivatives on BSE
RBLB18DECFUT -0.04%
562.0000 -0.20

ਭਾਰਤ-ਪਾਕਿ ਤਣਾਅ ਵਿਚਾਲੇ ਗਿਰਾਵਟ ਨਾਲ ਬੰਦ ਹੋਇਆ ਸ਼ੇਅਰ ਬਾਜ਼ਾਰ

ਨਵੀਂ ਦਿੱਲੀ, 6 ਮਈ: ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਵਿਚਾਲੇ ਮੰਗਲਵਾਰ ਨੂੰ ਸ਼ੇਅਰ ਬਾਜ਼ਾਰਾਂ ਵਿਚ ਗਿਰਾਵਟ ਦੇਖਣ ਨੂੰ ਮਿਲੀ। ਸੈਂਸੈਕਸ 156 ਅੰਕ ਡਿੱਗਿਆ, ਜਦੋਂ ਕਿ ਨਿਫ਼ਟੀ 82 ਅੰਕ ਡਿੱਗਿਆ। ਮੰਗਲਵਾਰ ਨੂੰ ਗਿਰਾਵਟ ਨਾਲ ਖੁੱਲ੍ਹਿਆ ਸੈਂਸੈਕਸ 155.77 ਅੰਕ ਡਿੱਗ ਕੇ 80,641.07 'ਤੇ ਬੰਦ ਹੋਇਆ। ਨਿਫ਼ਟੀ 81.55 ਅੰਕ ਡਿੱਗ ਕੇ 24,379.60 'ਤੇ ਆ ਗਿਆ। ਦੋ ਦਿਨਾਂ ਦੇ ਵਾਧੇ ਤੋਂ ਬਾਅਦ, ਕਾਰੋਬਾਰੀ ਹਫ਼ਤੇ ਦੇ ਦੂਜੇ ਦਿਨ ਮੰਗਲਵਾਰ ਨੂੰ 30 ਸ਼ੇਅਰਾਂ ਵਾਲਾ ਬੀਐਸਈ ਸੈਂਸੈਕਸ 155.77 ਅੰਕ ਜਾਂ 0.19 ਪ੍ਰਤੀਸ਼ਤ ਡਿੱਗ ਕੇ 80,641.07 'ਤੇ ਬੰਦ ਹੋਇਆ। ਦਿਨ ਦੌਰਾਨ, ਇਹ 315.81 ਅੰਕ ਜਾਂ 0.39 ਫ਼ੀਦੀ ਡਿੱਗ ਕੇ 80,481.03 ਦੇ ਉੱਚੇ ਪੱਧਰ 'ਤੇ ਪਹੁੰਚ ਗਿਆ। *(ਏਜੰਸੀ)*

ਕੈਨੇਡਾ ਦੇ ਬਰੈਂਪਟਨ 'ਚ 3 ਪੰਜਾਬੀ ਨੌਜੁਆਨ ਗ੍ਰਿਫ਼ਤਾਰ

ਕਾਰੋਬਾਰੀਆਂ ਨੂੰ ਡਰਾ ਕੇ ਮੰਗਦੇ ਸਨ ਫ਼ਰੌਤੀਆਂ

ਗੋਲੀਆਂ ਚਲਾਉਣ ਮਗਰੋਂ ਧਮਕੀਆਂ ਦੇ ਕੇ ਮੰਗਦੇ ਸੀ ਵੱਡੀ ਰਕਮ



ਬਰੈਂਪਟਨ, 6 ਮਈ : ਇਕ ਪਾਸੇ ਜਿੱਥੇ ਕੁੱਝ ਪੰਜਾਬੀ ਲੋਕ ਵਿਦੇਸ਼ਾਂ ਦੇ 'ਚ ਪੰਜਾਬੀਆਂ ਦਾ ਨਾਂਅ ਰੌਸ਼ਨ ਕਰ ਰਹੇ ਹਨ। ਉੱਥੇ ਹੀ ਕੁੱਝ ਨੌਜੁਆਨਾਂ ਨੇ ਪੰਜਾਬੀਅਤ ਨੂੰ ਦਾਗ ਲਗਾ ਦਿਤਾ। ਪੀਲ ਪੁਲਿਸ ਨੇ ਕਾਰੋਬਾਰੀਆਂ ਤੋਂ ਫਿਰੌਤੀਆਂ ਮੰਗਣ ਦੇ ਮਾਮਲੇ ਵਿਚ ਤਿੰਨ ਪੰਜਾਬੀ ਨੌਜੁਆਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਨੌਜੁਆਨਾਂ ਨੇ ਪਿਛਲੇ ਦਿਨੀਂ ਕੁਈਨ ਸਟਰੀਟ ਅਤੇ ਕੈਨੇਡੀ ਰੋਡ ਦੱਖਣ ਸਥਿਤ ਵਪਾਰਕ ਅਦਾਰੇ 'ਤੇ ਗੋਲੀਆਂ ਚਲਾਉਣ ਤੋਂ ਬਾਅਦ ਮਾਲਕ ਨੂੰ ਫ਼ੋਨ ਕਰ ਕੇ ਫ਼ਿਰੌਤੀ ਦੀ ਵੱਡੀ ਰਕਮ ਮੰਗੀ ਸੀ।

1 ਮਈ ਨੂੰ ਵਿਸ਼ੇਸ਼ ਜਾਂਚ 'ਚ ਕਈ ਟੀਮਾਂ - ਜਿਵੇਂ ਕਿ ਨਿਗਰਾਨੀ, ਕਮਿਊਨਿਟੀ ਇੰਸੀਡੈਂਟ ਰਿਸਪਾਂਸ ਅਤੇ ਟੈਕਟੀਕਲ ਯੂਨਿਟ - ਦੀ ਸ਼ਮੂਲੀਅਤ ਰਿਹਾ।

ਇਸ ਜਾਂਚ ਤੋਂ ਬਾਅਦ ਬਰੈਂਪਟਨ ਦੇ ਤਿੰਨ ਨੌਜੁਆਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਦੀ ਪਹਿਚਾਣ ਹਰਪਾਲ ਸਿੰਘ (34), ਰਾਜਨੂਰ ਸਿੰਘ (20) ਅਤੇ ਏਕਨੂਰ ਸਿੰਘ (22) ਵਜੋਂ ਹੋਈ ਹੈ। ਜੋ ਕਿ ਬਰੈਂਪਟਨ ਦੇ ਹੀ ਵਸਨੀਕ ਸਨ।

ਪੀਲ ਪਲਿਸ ਦੇ ਡਿਪਟੀ ਚੀਫ਼ ਮਾਰਕ ਐਂਡਰਿਊ ਮੁਤਾਬਕ ਮੁਲਜ਼ਮਾਂ ਨੇ 30 ਅਪ੍ਰੈਲ ਨੂੰ ਉਕਤ ਵਪਾਰਕ ਅਦਾਰੇ ਨੂੰ ਨਿਸ਼ਾਨਾ ਬਣਾਉਂਦਿਆਂ ਕਈ ਗੋਲੀਆਂ ਚਲਾਉਣ ਤੋਂ ਬਾਅਦ ਉਸ ਦੇ ਮਾਲਕ ਨੂੰ ਫ਼ੋਨ ਅਤੇ ਮੈਸੇਜ ਕਰ ਕੇ ਫ਼ਿਰੌਤੀ ਦੀ ਵੱਡੀ ਰਕਮ ਮੰਗੀ ਅਤੇ ਨਾ ਦੇਣ ਜਾਂ ਪੁਲਿਸ ਨੂੰ ਦੱਸਣ ਬਦਲੇ ਮਾਰ ਦੇਣ ਦੀ ਧਮਕੀ ਵੀ ਦਿਤੀ ।

ਉਂਝ ਗੋਲੀਆਂ ਚਲਾਉਣ ਮੌਕੇ ਵਪਾਰਕ ਅਦਾਰੇ ਅੰਦਰ ਕੋਈ ਨਹੀਂ ਸੀ, ਜਿਸ ਕਾਰਨ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਹਾਲਾਂਕਿ ਮੌਕੇ 'ਤੇ ਲੱਗੇ ਸਕਿਓਰਿਟੀ ਉਪਕਰਨਾਂ 'ਚ ਮੁਲਜ਼ਮਾਂ ਦੀਆਂ ਤਸਵੀਰਾਂ ਤੇ ਹਰਕਤਾਂ ਰੀਕਾਰਡ ਹੋ ਗਈਆਂ।

ਨੇੜਲੇ ਲੋਕਾਂ ਦੀ ਮਦਦ ਨਾਲ ਜਲਦੀ ਹੀ ਇਨ੍ਹਾਂ ਨੌਜੁਆਨਾਂ ਦੀ ਪਛਾਣ ਵੀ ਹੋ ਗਈ ਤੇ 2 ਮਈ ਨੂੰ ਤਿੰਨਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ। ਅਗਲੇ ਦਿਨਾਂ 'ਚ ਉਨ੍ਹਾਂ ਨੂੰ ਚਾਰਜਸ਼ੀਟ ਸਮੇਤ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਪੁਲਿਸ ਅਧਿਕਾਰੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਪੀੜਤ ਨੇ ਡਰ ਕਰ ਕੇ ਅਜੇ ਤਕ ਪੁਲਿਸ ਨੂੰ ਨਹੀਂ ਦਸਿਆ ਤਾਂ ਉਹ ਖੁੱਲ੍ਹ ਕੇ ਦੱਸ ਸਕਦਾ ਹੈ ਤੇ ਉਸ ਨੂੰ ਮੁਲਜ਼ਮਾਂ ਦੀ ਸ਼ਨਾਖ਼ਤ ਕਰਨ ਦਾ ਮੌਕਾ ਦਿਤਾ ਜਾਵੇਗਾ। *(ਏਜੰਸੀ)*

ਬਲਵਿੰਦਰ ਸਾਹਨੀ ਨੂੰ ਦੁਬਈ 'ਚ 5 ਸਾਲ ਦੀ ਜੇਲ੍ਹ, ਭ੍ਰਿਸ਼ਟਾਚਾਰ ਦੇ ਲੱਗੇ ਇਲਜ਼ਾਮ

> ਸਜ਼ਾ ਪੂਰੀ ਹੋਣ ਤੋਂ ਬਾਅਦ ਸਾਹਨੀ ਨੂੰ ਇੰਡੀਆ ਡੀਪੋਰਟ ਕਰਨ ਦੇ ਹੁਕਮ

ਦੁਬਈ, 6 ਮਈ : ਅਰਬਪਤੀ ਬਲਵਿੰਦਰ ਸਿੰਘ ਸਾਹਨੀ ਨੂੰ ਦੁਬਈ 'ਚ 5 ਸਾਲਾਂ ਦੀ ਜੇਲ੍ਹ ਹੋਈ ਹੈ। ਜਾਣਕਾਰੀ ਦੇ ਮੁਤਾਬਕ ਸਾਹਨੀ 'ਤੇ ਮਨੀ ਲਾਂਡਰਿੰਗ (ਕਾਲੇ ਧਨ ਨੂੰ ਚਿੱਟਾ ਕਰਨ) ਦੇ ਗੰਭੀਰ ਇਲਜ਼ਾਮ ਲੱਗੇ ਹਨ। ਇਸ ਦੇ ਨਾਲ ਹੀ ਦੁਬਈ ਦੀ ਕੋਰਟ ਨੇ ਸਾਹਨੀ ਦੀ 150 ਮਿਲੀਅਨ ਦਿਰਹਾਮ (ਦੁਬਈ ਦੀ ਕਰੰਸੀ, ਜਿਸ ਦੀ ਭਾਰਤੀ ਰੁਪਏ ਦੇ ਮੁਤਾਬਕ 344 ਕਰੋੜ ਰੁਪਏ ਕੀਮਤ ਬਣਦੀ ਹੈ) ਜੁਰਮਾਨਾ ਵਸੂਲਣ ਦੇ ਵੀ ਹੁਕਮ ਜਾਰੀ ਕੀਤੇ ਹਨ।

ਰਿਪੋਰਟ ਦੇ ਮੁਤਾਬਕ ਬਲਵਿੰਦਰ ਸਾਹਨੀ 'ਤੇ ਇਲਜ਼ਾਮ ਹਨ ਕਿ ਉਹ ਇਕ ਅਪਰਾਧੀ ਸੰਗਠਨ ਦੁਆਰਾ ਮਨੀ ਲਾਂਡਰਿੰਗ ਕਰਦਾ ਸੀ। ਉਸ ਨੂੰ ਭ੍ਰਿਸ਼ਟਾਚਾਰੀ ਲਈ 5 ਸਾਲ ਜੇਲ੍ਹ ਤੇ 150 ਦਿਰਹਾਮ ਦਾ ਜੁਰਮਾਨਾ ਲਾਇਆ ਗਿਆ ਹੈ। ਇਹੀ ਨਹੀਂ ਦੁਬਈ ਕੋਰਟ ਨੇ ਸਾਹਨੀ ਨੂੰ ਇੰਡੀਆ ਡੀਪੋਰਟ ਕਰਨ ਦੇ ਹੁਕਮ ਵੀ ਜਾਰੀ ਕਰ ਦਿੱਤੇ ਹਨ।

ਬਲਵਿੰਦਰ ਸਿੰਘ ਸਾਹਨੀ ਦੁਬਈ ਦੇ ਮਸ਼ਹੂਰ ਕਾਰੋਬਾਰੀਆਂ 'ਚੋਂ ਇਕ ਹੈ। ਉਹ ਅਰਬਪਤੀ ਹੈ ਅਤੇ ਰਾਜ ਸਾਹਨੀ ਗਰੁੱਪ (ਆਰਐੈਸਜੀ) ਦਾ ਮਾਲਕ ਹੈ। ਦਸ ਦਈਏ ਕਿ ਉਸ ਦਾ ਕਾਰੋਬਾਰ ਅਮਰੀਕਾ, ਭਾਰਤ ਸਣੇ ਹੋਰ ਕਈ ਦੇਸ਼ਾਂ 'ਚ ਫੈਲਿਆ ਹੋਇਆ ਹੈ। ਇਸ ਦੇ ਨਾਲ ਨਾਲ ਸਾਹਨੀ ਨੂੰ ਉਸ ਦੇ ਲਗਜ਼ਰੀ ਲਾਈਫ਼ ਸਟਾਈਲ ਕਰਕੇ ਵੀ ਜਾਣਿਆ ਜਾਂਦਾ ਹੈ। ਉਸ ਦੇ ਕਾਰ ਕਲੈਕਸ਼ਨ 'ਚ ਕਈ ਰੌਲਜ਼ ਰਾਇਸ ਕਾਰਾਂ ਹਨ ਜਿਨ੍ਹਾਂ 'ਤੇ ਦੁਬਈ ਦੀਆਂ ਸਭ ਤੋਂ ਮਹਿੰਗੀਆਂ ਨੰਬਰ ਪਲੇਟਾਂ ਲੱਗੀਆਂ ਹਨ।

ਇਕ ਲੱਖ ਦੇ ਕਰੀਬ ਪਹੁੰਚੀ ਸੋਨੇ ਦੀ ਕੀਮਤ

ਨਵੀਂ ਦਿੱਲੀ, 6 ਮਈ: ਦੇਸ਼ ਅਤੇ ਦੁਨੀਆ ਵਿੱਚ ਚੱਲ ਰਹੇ ਉਥਲ-ਪੁਥਲ ਵਿਚਾਲੇ, ਅੱਜ ਸੋਨੇ ਦੀ ਕੀਮਤ ਵਿਚ ਭਾਰੀ ਉਛਾਲ ਦੇਖਣ ਨੂੰ ਮਿਲਿਆ। ਜਿਸ ਕਾਰਨ ਸੋਨੇ ਦੀ ਕੀਮਤ ਫ਼ਿਰ ਤੋਂ 1 ਲੱਖ ਰੁਪਏ ਪ੍ਰਤੀ 10 ਗ੍ਰਾਮ ਦੇ ਨੇੜੇ ਪਹੁੰਚ ਗਈ ਹੈ। ਸੋਮਵਾਰ ਨੂੰ ਸੋਨੇ ਦੀ ਕੀਮਤ 97,350 ਰੁਪਏ ਪ੍ਰਤੀ 10 ਗ੍ਰਾਮ ਸੀ, ਜਦੋਂ ਕਿ ਅੱਜ ਇਹ 2400 ਰੁਪਏ ਮਹਿੰਗਾ ਹੋ ਕੇ 99,750 ਰੁਪਏ 'ਤੇ ਪਹੁੰਚ ਗਿਆ ਹੈ। ਇਸ ਦੇ ਨਾਲ ਹੀ, 99.5 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ ਵੀ ਮੰਗਲਵਾਰ ਨੂੰ 2,400 ਰੁਪਏ ਵਧ ਕੇ 99,300 ਰੁਪਏ ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਿਆ। ਮਾਹਰਾਂ ਦੇ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਨਵੇਂ ਟੈਕਸ ਦੇ ਐਲਾਨ ਤੋਂ ਬਾਅਦ, ਨਿਵੇਸ਼ਕਾਂ ਦੀ ਦਿਲਚਸਪੀ ਸੋਨੇ ਵੱਲ ਫ਼ਿਰ ਵਧ ਗਈ ਹੈ। ਟਰੰਪ ਨੇ ਵਿਦੇਸ਼ਾਂ ਤੋਂ ਆਯਾਤ ਹੋਣ ਵਾਲੀਆਂ ਦਵਾਈਆਂ ਅਤੇ ਫ਼ਿਲਮਾਂ 'ਤੇ ਭਾਰੀ ਡਿਊਟੀ ਲਗਾਉਣ ਦੀ ਗੱਲ ਕੀਤੀ ਹੈ। ਇਸ ਨਾਲ ਵਪਾਰਕ ਤਣਾਅ ਅਤੇ ਵਿਸ਼ਵ ਅਰਥਵਿਵਸਥਾ 'ਤੇ ਪ੍ਰਭਾਵ ਦਾ ਖ਼ਤਰਾ ਵਧ ਗਿਆ ਹੈ। ਉੱਧਰ, ਸੋਨੇ ਦੇ ਨਾਲ-ਨਾਲ ਚਾਂਦੀ ਦੀ ਚਮਕ ਵੀ ਵਧੀ ਹੈ। ਬੁਲੀਅਨ ਐਸੋਸੀਏਸ਼ਨ ਦੇ ਅਨੁਸਾਰ, ਚਾਂਦੀ ਦੀ ਕੀਮਤ 1,800 ਰੁਪਏ ਵਧ ਕੇ 98,500 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈ ਹੈ। *(ਏਜੰਸੀ)*

ਮਿਲਾਨ ਵਿਚ ਵੱਸਦੇ ਭਾਰਤੀਆਂ ਨੂੰ ਮਿਲੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ

ਮਿਲਾਨ, 6 ਮਈ (ਦਲਜੀਤ ਮੱਕੜ): ਕੇਂਦਰੀ ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ ਦੁਆਰਾ ਮਿਲਾਨ ਵਿਖੇ ਭਾਰਤੀ ਭਾਈਚਾਰੇ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਨਿਰਮਲਾ ਸੀਤਾਰਮਨ ਮਿਲਾਨ ਵਿਖੇ ਏਸ਼ੀਅਨ ਡਿਵੈਲਪਮੈਂਟ ਬੈਂਕਸ (ਏ ਡੀ ਬੀ) ਦੀ 58 ਵੀਂ ਸਾਲਾਨਾ ਬੈਠਕ ਵਿਖੇ ਹਿੱਸਾ ਲੈਣ ਲਈ ਇਟਲੀ ਪਹੁੰਚੇ ਸਨ। ਇਟਲੀ ਸਥਿਤ ਭਾਰਤੀ ਦੂਤਵਾਸ ਰੋਮ ਦੁਆਰਾ ਮਿੱਥੇ ਗਏ ਪ੍ਰੋਗਰਾਮ ਤਹਿਤ ਇੰਡੀਅਨ ਕੌਂਸਲੇਟ ਜਨਰਲ ਆਫ ਮਿਲਾਨ ਦੁਆਰਾ ਵਿੱਤ ਮੰਤਰੀ ਨਾਲ ਭਾਰਤੀ ਭਾਈਚਾਰੇ ਦੀ ਇਸ ਵਿਸ਼ੇਸ਼ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿਚ ਨੌਰਥ ਇਟਲੀ ਤੋਂ ਭਾਰਤੀ ਭਾਈਚਾਰੇ ਨਾਲ ਸਬੰਧਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਸੰਬੋਧਿਤ ਹੁੰਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਨਰਿੰਦਰ ਮੋਦੀ ਸਰਕਾਰ ਦੀਆਂ ਆਰਥਕ ਖੇਤਰ ਵਿਚ ਕੀਤੀਆਂ ਗਈਆਂ ਵਿਸ਼ੇਸ਼ ਉਪਲਧੀਆਂ ਦਾ ਵਿਸਥਾਰਪੂਰਵਕ ਜਿਕਰ ਕੀਤਾ ਅਤੇ ਦਸਿਆ ਕਿ ਭਾਰਤ ਦੇਸ਼ ਨੇ ਲਗਾਤਾਰ ਤਰੱਕੀ ਕਰਕੇ ਵਿਸ਼ਵ ਪੱਧਰ 'ਤੇ ਆਰਥਿਕਤਾ ਦੇ ਖੇਤਰ ਵਿਚ ਚੰਗਾ ਮੁਕਾਮ ਹਾਸਲ ਕੀਤਾ ਹੈ। ਇਸ ਮੀਟਿੰਗ ਨੂੰ ਅੰਬੈਸੀ ਰੋਮ ਦੇ ਰਾਜਦੂਤ ਵਾਣੀ ਰਾਓ ਅਤੇ ਕੌਂਸਲੇਟ ਜਨਰਲ ਆਫ ਮਿਲਾਨ ਲਵੱਨਿਆ ਕੁਮਾਰ ਦੁਆਰਾ ਸੰਬੋਧਤ ਹੁੰਦਿਆਂ ਦਸਿਆ ਗਿਆ ਕਿ ਇਟਲੀ ਵਿੱਚ ਭਾਰਤੀ ਭਾਈਚਾਰੇ ਨੇ ਮਿਹਨਤ ਤੇ ਇਮਾਨਦਾਰੀ ਦੇ ਨਾਲ ਕਾਰੋਬਾਰੀ ਖੇਤਰ ਵਿਚ ਚੰਗੀ ਪਹਿਚਾਣ ਬਣਾਈ ਹੈ।

ਨਵੀਂ ਪੀੜ੍ਹੀ ਨੂੰ ਇਤਿਹਾਸ ਨਾਲ ਜੋੜਨ ਲਈ ਪਤੰਜਲੀ ਯੂਨੀਵਰਸਿਟੀ ਦਾ ਖ਼ਾਸ ਉਪਰਾਲਾ, ਕਰਵਾਇਆ ਇਕ ਰੋਜ਼ਾ ਸੰਮੇਲਨ

Brainstorming Sessi n

ਹਰਿਦੁਆਰ, 6 ਮਈ: ਬੀਰਬਲ ਸਾਹਨੀ ਇੰਸਟੀਚਿਊਟ ਆਫ਼ ਪੈਲੀਓ ਸਾਇੰਸਜ਼, ਪਤੰਜਲੀ ਰਿਸਰਚ ਫਾਊਂਡੇਸ਼ਨ ਅਤੇ ਪਤੰਜਲੀ ਯੂਨੀਵਰਸਿਟੀ ਦੇ ਸਹਿਯੋਗ ਨਾਲ 'ਮਿਊਜ਼ੀਅਮ ਆਫ਼ ਓਰੀਜਨ ਐਂਡ ਕੰਟੀਨਿਊਮ' ਵਿਸ਼ੇ ਦੇ ਇਤਿਹਾਸ 'ਤੇ ਇਕ ਰੋਜ਼ਾ ਸੰਮੇਲਨ ਕਰਵਾਇਆ ਗਿਆ, ਜਿਸ ਵਿਚ ਸਵਾਮੀ ਰਾਮਦੇਵ ਜੀ ਮਹਾਰਾਜ ਅਤੇ ਆਚਾਰੀਆ ਬਾਲਕ੍ਰਿਸ਼ਨ ਜੀ ਮਹਾਰਾਜ ਦੇ ਨਾਲ-ਨਾਲ ਦੇਸ਼ ਦੇ ਗਿਆਨਵਾਨ ਇਤਿਹਾਸਕਾਰਾਂ, ਭੂ-ਵਿਗਿਆਨੀਆਂ ਤੇ ਭਾਰਤੀ ਗਿਆਨ ਪ੍ਰਣਾਲੀ ਦੇ ਵਿਦਵਾਨਾਂ ਨੇ ਵਿਚਾਰ-ਵਟਾਂਦਰਾ ਕੀਤਾ।

NAAC ਕਾਰਜਕਾਰੀ ਕਮੇਟੀ ਦੇ ਚੇਅਰਮੈਨ ਪ੍ਰੋ. ਅਨਿਲ ਸਹਿਸਤ੍ਰਬੁੱਧੀ ਨੇ ਕਿਹਾ ਕਿ ਪਤੰਜਲੀ ਵਲੋਂ ਇਤਿਹਾਸ ਲਿਖਣ ਅਤੇ ਪ੍ਰਮਾਣਿਤ ਕਰਨ ਦਾ ਕੰਮ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰੇਗਾ ਅਤੇ ਲੋਕਾਂ ਨੂੰ ਉਨ੍ਹਾਂ ਦੀਆਂ ਜੜ੍ਹਾਂ ਨਾਲ ਜੋੜੇਗਾ।

ਭਾਰਤੀ ਪੁਰਾਤੱਤਵ ਸਰਵੇਖਣ ਦੇ ਡਾਇਰੈਕਟਰ ਜਨਰਲ ਡਾ. ਵਾਈ.ਐਸ. ਰਾਵਤ ਨੇ ਕਿਹਾ ਕਿ ਪਤੰਜਲੀ ਇਤਿਹਾਸ ਨੂੰ ਸੰਭਾਲਣ ਦਾ ਇੱਕ ਵਿਲੱਖਣ ਕੰਮ ਕਰ ਰਿਹਾ ਹੈ। ਉਨ੍ਹਾਂ ਖੁਸ਼ੀ ਪ੍ਰਗਟ ਕੀਤੀ ਅਤੇ ਕਿਹਾ ਕਿ ਪਤੰਜਲੀ ਵੱਲੋਂ ਪੁਰਾਤੱਤਵ ਸਰਵੇਖਣ ਲਈ ਕੀਤਾ ਜਾ ਰਿਹਾ ਕੰਮ ਵਿਸ਼ਵ ਇਤਿਹਾਸ ਨੂੰ ਮੁੜ ਸੁਰਜੀਤ ਕਰੇਗਾ।

ਇਸ ਮੌਕੇ 'ਤੇ ਸਵਾਮੀ ਰਾਮਦੇਵ ਜੀ ਮਹਾਰਾਜ ਨੇ ਕਿਹਾ ਕਿ ਭਾਰਤ ਦੇ ਸ਼ਾਨਦਾਰ ਇਤਿਹਾਸ ਨੂੰ ਜਾਣਬੁੱਝ ਕੇ ਛੁਪਾਇਆ ਗਿਆ ਹੈ। ਪਤੰਜਲੀ ਨੇ ਹੁਣ ਭਾਰਤ ਦੇ ਸੁਨਹਿਰੀ ਇਤਿਹਾਸ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਲਈ ਹੈ।

ਇਸ ਸਮਾਗਮ ਵਿਚ ਪ੍ਰੋਫੈਸਰ ਜੀ. ਸੂਰਿਆਨਾਰਾਇਣ ਮੂਰਤੀ, ਮੁਖੀ, ਆਈਕੇਐਸ ਡਿਵੀਜ਼ਨ, ਸਿੱਖਿਆ ਮੰਤਰਾਲੇ; ਪਾਰਥ ਠੱਕਰ, ਆਰਕੀਟੈਕਟ, ਅਹਿਮਦਾਬਾਦ, ਗੁਜਰਾਤ ਤੋਂ; ਡਾ. ਰਾਜੇਸ਼ ਪ੍ਰਸਾਦ, ਡਾਇਰੈਕਟਰ, ਇਲਾਹਾਬਾਦ ਮਿਊਜ਼ੀਅਮ; ਡਾ. ਆਨੰਦ ਬਰਧਨ, ਸਹਾਇਕ ਪ੍ਰੋਫੈਸਰ, ਡਾ. ਬੀ.ਆਰ. ਅੰਬੇਡਕਰ ਯੂਨੀਵਰਸਿਟੀ, ਦਿੱਲੀ; ਡਾ. ਧਰਮਵੀਰ ਸ਼ਰਮਾ, ਸਾਬਕਾ ਡਾਇਰੈਕਟਰ, ਏਐਸਆਈ; ਓਨਕੋਲੋਜਿਸਟ ਅਤੇ ਇਤਿਹਾਸਕਾਰ, ਡਾ. ਪੁਨੀਤ ਗੁਪਤਾ; ਸੁਰੇਸ਼ ਚਵੰਕੇ, ਚੇਅਰਮੈਨ, ਸੁਦਰਸ਼ਨ ਚੈਨਲ; ਸ਼੍ਰੀਮਤੀ ਗੀਤਾਂਜਲੀ ਬਰੂਆ, ਸਕੱਤਰ, ਚੀਨੀਕੀ- ਏ ਸੈਂਟਰ ਫਾਰ ਹੈਰੀਟੇਜ; ਸ਼ੁਬਿਨੋਏ ਬੈਨਰਜੀ, ਆਰਕੀਟੈਕਟ, ਨਵੀਂ ਦਿੱਲੀ; ਡਾ. ਏ.ਐਸ. ਸਤੇਂਦਰ ਕੁਮਾਰ, ਸਹਾਇਕ ਪ੍ਰੋਫੈਸਰ, ਸੰਭਾਲ ਵਿਭਾਗ, ਆਈਜੀਐਨਸੀਏ ਅਤੇ ਹੋਰ। ਆਈਆਈਟੀ ਕਾਨਪੁਰ ਦੇ ਸੰਭਾਲ ਵਿਭਾਗ ਦੇ ਪ੍ਰੋਜੈਕਟ ਕੋਆਰਡੀਨੇਟਰ, ਸ਼੍ਰੀ ਆਸਤਿਕ ਭਾਰਦਵਾਜ ਨੇ ਤਕਨੀਕੀ ਸੈਸ਼ਨ ਵਿੱਚ ਇੱਕ ਭਾਸ਼ਣ ਦਿੱਤਾ।

ਟਰੰਪ ਨੇ ਸੰਯੁਕਤ ਰਾਸ਼ਟਰ ਦੀ 19 ਹਜ਼ਾਰ ਕਰੋੜ ਦੀ ਮਦਦ ਰੋਕੀ

> 3 ਹਜ਼ਾਰ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣ ਦੀ ਤਿਆਰੀ

PASSPORT
UK Stay Back and Post-Study Work Permit

ਨਵੀਂ ਦਿੱਲੀ, 6 ਮਈ: ਸੰਯੁਕਤ ਰਾਸ਼ਟਰ ਦੀ ਸਥਿਤੀ ਹੁਣ ਬਹੁਤ ਗੰਭੀਰ ਹੋ ਗਈ ਹੈ। ਇਹ 80 ਸਾਲ ਪੁਰਾਣਾ ਵਿਸ਼ਵਵਿਆਪੀ ਸੰਗਠਨ ਹੁਣ ਵਿੱਤੀ ਦੀਵਾਲੀਆਪਨ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਜੇਕਰ ਮੌਜੂਦਾ ਸਥਿਤੀ ਨਹੀਂ ਬਦਲਦੀ ਹੈ, ਤਾਂ ਅਗਲੇ 5 ਮਹੀਨਿਆਂ ਵਿਚ ਨਾ ਤਾਂ ਕਰਮਚਾਰੀਆਂ ਨੂੰ ਆਪਣੀਆਂ ਤਨਖਾਹਾਂ ਮਿਲ ਸਕਣਗੀਆਂ ਅਤੇ ਨਾ ਹੀ ਦੁਨੀਆ ਦੇ ਸੰਕਟਗ੍ਰਸਤ ਖੇਤਰਾਂ ਵਿਚ ਸ਼ਾਂਤੀ ਸੈਨਾ ਤਾਇਨਾਤ ਕਰਨਾ ਸੰਭਵ ਹੋਵੇਗਾ। ਰਿਪੋਰਟ ਅਨੁਸਾਰ, ਸੰਯੁਕਤ ਰਾਸ਼ਟਰ ਆਪਣੇ ਬਜਟ ਸੰਕਟ ਨਾਲ ਨਜਿੱਠਣ ਲਈ ਇਕ ਐਮਰਜੈਂਸੀ ਯੋਜਨਾ 'ਤੇ ਵਿਚਾਰ ਕਰ ਰਿਹਾ ਹੈ ਜਿਸ ਵਿਚ 3,000 ਕਰਮਚਾਰੀਆਂ ਦੀ ਛਾਂਟੀ ਹੋ ਸਕਦੀ ਹੈ। ਇੰਨਾ ਹੀ ਨਹੀਂ, ਸੰਯੁਕਤ ਰਾਸ਼ਟਰ ਨਾਈਜੀਰੀਆ, ਪਾਕਿਸਤਾਨ ਅਤੇ ਲੀਬੀਆ ਵਰਗੇ ਦੇਸ਼ਾਂ ਵਿਚ ਸਟਾਫ਼ ਦੀ ਗਿਣਤੀ 20 ਫ਼ੀਸਦੀ ਘਟਾਉਣ ਦੀ ਤਿਆਰੀ ਕਰ ਰਿਹਾ ਹੈ।

ਇਸ ਬੇਮਿਸਾਲ ਸੰਕਟ ਦਾ ਸਭ ਤੋਂ ਵੱਡਾ ਕਾਰਨ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦੁਆਰਾ 19,000 ਕਰੋੜ ਦੇ ਫ਼ੰਡ ਨੂੰ ਰੋਕਣਾ ਹੈ। ਇਹ ਫ਼ੰਡ ਸੰਯੁਕਤ ਰਾਸ਼ਟਰ ਦੇ ਨਿਯਮਤ ਬਜਟ ਦਾ ਇਕ ਵੱਡਾ ਹਿੱਸਾ ਬਣਦਾ ਹੈ। ਇਸ ਰਕਮ ਦਾ ਕੁਝ ਹਿੱਸਾ ਮੌਜੂਦਾ ਬਾਈਡੇਨ ਪ੍ਰਸ਼ਾਸਨ ਦੇ ਕਾਰਜਕਾਲ ਦਾ ਵੀ ਹੈ, ਪਰ ਟਰੰਪ ਸ਼ਾਸਨ ਦੌਰਾਨ ਹੀ ਇਸ ਨੂੰ ਰੋਕ ਦਿਤਾ ਗਿਆ ਸੀ। 2025 ਲਈ ਸੰਯੁਕਤ ਰਾਸ਼ਟਰ ਦਾ ਕੁੱਲ ਅਨੁਮਾਨਿਤ ਬਜਟ 32,000 ਕਰੋੜ ਹੈ, ਪਰ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ, ਸੰਗਠਨ ਨੇ ਪਹਿਲਾਂ ਹੀ 5,000 ਕਰੋੜ ਯਾਨੀ 17 ਫ਼ੀਸਦੀ ਦੀ ਕਟੌਤੀ ਕਰਨ ਦੀ ਯੋਜਨਾ ਬਣਾਈ ਹੈ। ਸੰਯੁਕਤ ਰਾਸ਼ਟਰ ਦੇ ਬਜਟ ਵਿਚ ਚੀਨ ਦਾ ਹਿੱਸਾ 20 ਫ਼ੀਸਦੀ ਹੈ। ਪਿਛਲੇ ਸਾਲਾਂ ਵਿਚ, ਚੀਨ ਨੇ ਜਾਣਬੁੱਝ ਕੇ ਆਪਣੇ ਫ਼ੰਡਿੰਗ ਵਿਚ ਦੇਰੀ ਕੀਤੀ ਹੈ; 2024 ਵਿਚ, ਇਸਦੇ ਫ਼ੰਡ 27 ਦਸੰਬਰ ਨੂੰ ਆਏ, ਜਿਸ ਕਾਰਨ ਉਨ੍ਹਾਂ ਦੀ ਵਰਤੋਂ ਨਹੀਂ ਕੀਤੀ ਜਾ ਸਕੀ। *(ਏਜੰਸੀ)*

pnb Housing Finance Limited Ghar Ki Baat

ਅਪੈਂਡਿਕਸ IV-A

ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ

ਸਕਿਊਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨਾਂਸ਼ੀਅਲ ਅਸੈਟਸ ਐਂਡ ਇਨਫ਼ਾਰਸਮੈਂਟ ਆਫ਼ ਸਕਿਊਰਿਟੀ ਇੰਟਰੈਸਟ ਐਕਟ, 2002 ਅਤੇ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ

ਰਜਿ: ਦਫਤਰ: ਨੌਵੀਂ ਮੰਜਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com
ਜਲੰਧਰ ਬਰਾਂਚ : ਪੀਐਨਬੀ ਹਾਊਸਿੰਗ ਫਾਈਨਾਂਸ ਲਿਮ. ਐਸਸੀਓ 44, ਪਹਿਲੀ ਮੰਜ਼ਿਲ ਪੁੱਡਾ ਕੰਪਲੈਕਸ, ਜਲੰਧਰ-144001, ਪੰਜਾਬ

ਆਮ ਜਨਤਾ ਅਤੇ ਖਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਊਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫ਼ਾਇਨਾਂਸ ਲਿਮਟਿਡ/ਸਕਿਊਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਊਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਅਤੇ ਜੋ ਵੀ ਉੱਥੇ ਹੈ ਦੇ ਅਧਾਰ 'ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਊਰਿਟੀ ਇਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੂੰ 'ਏ' ਵਿਚ ਦਿੱਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਊਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸੋਧੇ ਗਏ ਹਨ।
ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਊਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ., ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰ(ਾਂ)/ਕਾਨੂੰਨੀ ਵਾਰਸਾਂ ਦਾ ਨਾਮ (A)	ਕੁੱਲ ਬਕਾਇਆ ਰਕਮ (B)	ਕਬਜ਼ੇ ਦੀ ਕਿਸਮ (C)	ਗਿਰਵੀ ਜਾਇਦਾਦਾਂ ਦਾ ਵੇਰਵਾ (D)	ਰਾਖਵੀਂ ਕੀਮਤ (ਆਰ.ਪੀ.) (E)	ਈਐਮਡੀ (ਰਾਖਵੀਂ ਕੀਮਤ ਦਾ 10%) (F)	ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ (G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ (J)	ਕੋਈ ਝੰਜਟ/ਕੋਰਟ ਕੇਸ ਜੇ ਹੋਵੇ ਤਾਂ (K)
HOU/JAL/0321/868644, ਬਰਾਂਚ ਦਫ਼ਤਰ : ਜਲੰਧਰ ਕਰਨ ਚੋਪੜਾ, ਸ੍ਰੀ ਪੁਲਕਿਤ	ਰੁ. 18,23,941.74 15.04.2024 ਨੂੰ	ਭੌਤਿਕ ਕਬਜਾ	ਮਕਾਨ ਨੰ. 22/ਬੀ, ਬਾਜਵਾ ਕਾਲੋਨੀ, ਲੈਦਰ ਕੰਪਲੈਕਸ ਰੋਡ, ਬਸਤੀ ਪੀਰ ਦਾਦ ਖਾਨ, ਜਲੰਧਰ, ਪੰਜਾਬ 144021 ਜਮਾਂਬੰਦੀ ਸਾਲ 2018-2019 ਅਨੁਸਾਰ ਹਦੂਬਸਤ ਨੰ. 313, ਖੁਸਰਾ ਨੰ. 19//23/2, 25//3/2, ਰਕਬਾ 2 ਮਰਲੇ 80 ਮੁਰੱਬਾ ਫੁਟ (624 ਮੁਰੱਬਾ ਫੁਟ) ਮਿਣਤੀ 19'-6"X32 ਮਰਲਾ ਮਿਣਤੀ 272 ਮੁਰੱਬਾ ਫੁੱਟ, ਹੱਦਾਂ ; ਪੂਰਬ : ਗਲੀ 11', ਪੱਛਮ : ਹੋਰ, ਉੱਤਰ : ਖੁੱਲ੍ਹਾ ਪਲਾਟ, ਦੱਖਣ : ਕਿਰਨ ਸ਼ਰਮਾ	ਰੁ. 1368000	ਰੁ. 136800	26-05-2025	ਰੁ. 10,000	15.05.2025 ਨੂੰ ਸਵੇਰ 10.00 ਵਜੇ ਤੋਂ ਸ਼ਾਮ 5.30 ਵਜੇ	27.05.2025 ਨੂੰ ਬਾ.ਦੁ. 02.00 ਵਜੇ ਤੋਂ ਬਾ.ਦੁ. 3.00 ਵਜੇ	ਪਤਾ ਨਹੀਂ

* 18% ਸਾਲਾਨਾ ਦੀ ਦਰ ਨਾਲ ਵਿਆਜ਼ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਊਰਡ ਐਸੇਟਸ 'ਤੇ ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ 'ਕੇ' ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖ਼ਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖੁਦ ਤਸੱਲੀ ਕਰ ਲੈਣ।
1. ਮਿਤੀ ਅਨੁਸਾਰ, ਉਪਰੋਕਤ ਅਚੱਲ ਜਾਇਦਾਦਾਂ/ਸਕਿਊਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ ਅਤੇ ਸਟੇਟਸ ਕਾਲਮ ਨੰ.-ਕੇ ਵਿਚ ਦਰਸਾਇਆ ਗਿਆ ਹੈ। 2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ 'ਤੇ ਕਾਰਵਾਈ/ਪਾਸ ਹੁਕਮਾਂਆਦਿ ਵਿਚ ਜੇ ਕੋਈ ਹੈ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ 'ਕੇ' ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ 'ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ 'ਤੇ ਹਸਤਾਖਰ ਕਰਨੇ ਪੈਂਦੇ ਹਨ। 3. ਕਿਰਪਾ ਕਰਕੇ ਨੋਟ ਕਰੋ ਕਿ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੋਂਡ ਦੇ ਰੂਪ ਵਿਚ ਉਸੇ ਦਿਨ (ਸਮੇਤ ਬਿਆਨਾ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ ਜਮਾਂ ਕਰਾਉਣਾ ਹੋਵੇਗਾ ਬੋਲੀਕਾਰ ਦੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਵਿਕਰੀ ਰਕਮ ਦਾ 25% ਪ੍ਰਾਪਤ ਹੋਣ ਪਿੱਛੋਂ ਸਕਿਓਰਡ ਕ੍ਰੈਡੀਟਰ ਵਲੋਂ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(2) ਤਹਿਤ ਕੀਤੀ ਜਾਵੇਗੀ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਊਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ। 4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਉਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਤੁਸੀਂ ਅਸ਼ੀਸ਼ ਕੁਮਾਰ ਸ਼ਰਮਾ ਸੰਪਰਕ ਨੰਬਰ: 1800 120 8800, ਅਧਿਕਾਰਤ ਅਫ਼ਸਰ ਪੀਐਨਬੀਐਚਐਫ਼ਐਲ ਨਾਲ ਸੰਪਰਕ ਕਰੋ ਜਾਂ www.pnbhousing.com ਦਾ ਹਵਾਲਾ ਲਓ।

ਸਥਾਨ : ਪੰਜਾਬ, ਮਿਤੀ : 07.05.2025 ਅਧਿਕਾਰਤ ਅਫ਼ਸਰ, ਮੈਸ. ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ

ਡਿਮਾਂਡ ਨੋਟਿਸ

ਸਕਿਊਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੈਟਸ ਅਤੇ ਇਨਫ਼ੋਰਸਮੈਂਟ ਆਫ਼ ਸਕਿਊਰਿਟੀ ਇੰਟਰਸਟ ਐਕਟ 2002 (ਦੱਸੇ ਗਏ ਐਕਟ) ਦੇ ਸੈਕਸ਼ਨ 13(2) ਅਧੀਨ ਅਤੇ ਸਕਿਊਰਿਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 (ਦੱਸੇ ਗਏ ਰੂਲ) ਦੇ ਰੂਲ 3(1) ਨਾਲ ਪੜ੍ਹੇ ਜਾਂਦੇ ਅਧੀਨ ਦੱਸੇ ਗਏ ਐਕਟ ਦੇ ਸੈਕਸ਼ਨ 13(12) ਦੇ ਰੂਲ 3 ਨਾਲ ਪੜ੍ਹੇ ਜਾਂਦੇ ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਆਈਆਈਐਫਐਲ ਹੋਮ ਫਾਇਨਾਂਸ ਲਿਮ. (ਆਈਆਈਐਫਐਲ ਐਚਐਫਐਲ) (ਪਹਿਲਾਂ ਇੰਡੀਆ ਇਨਫੋਲਾਈਨ ਹਾਊਸਿੰਗ ਫਾਇਨਾਂਸ ਲਿਮ. ਵਜੋਂ ਜਾਣੇ ਜਾਂਦੇ) ਦੇ ਅਧਿਕਾਰਤ ਅਫ਼ਸਰ ਵੱਲੋਂ ਦੱਸੇ ਐਕਟ ਦੇ ਸੈਕਸ਼ਨ 13(2) ਤਹਿਤ ਡਿਮਾਂਡ ਨੋਟਿਸ ਜਾਰੀ ਕਰ ਕੇ ਇਨ੍ਹਾਂ ਕਰਜ਼ਦਾਰਾਂ ਨੂੰ ਸਬੰਧਤ ਡਿਮਾਂਡ ਨੋਟਿਸਾਂ ਵਿਚ ਦਰਸਾਈ ਰਾਸ਼ੀ ਦਾ ਭੁਗਤਾਨ ਕਰਨ ਲਈ ਕਿਹਾ ਗਿਆ। ਉਪਰ ਦੱਸੇ ਨੋਟਿਸ ਦੇ ਸਬੰਧ ਵਿਚ ਇਕ ਵਾਰ ਮੁੜ ਤੋਂ ਕਰਜ਼ਦਾਰਾਂ ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 60 ਦਿਨਾਂ ਦੇ ਅੰਦਰ ਅੰਦਰ ਹੇਠਾਂ ਦਰਸਾਏ ਖਾਤੇ ਵਿਚ ਦੱਸੀ ਰਕਮ ਸਮੇਤ ਅਗਾਊਂ ਵਿਆਜ਼ ਅਦਾ ਕਰਨ ਲਈ ਕਿਹਾ ਜਾਂਦਾ ਹੈ। ਕਰਜ਼ਦਾਰਾਂ ਦਾ ਵੇਰਵਾ, ਡਿਮਾਂਡ ਨੋਟਿਸ ਵਿਚਲੀ ਬਕਾਇਆ ਰਕਮ ਅਤੇ ਲੋਨ ਰਕਮ ਦੀ ਅਦਾਇਗੀ ਲਈ ਸਕਿਊਰਿਟੀ ਦੀ ਪੇਸ਼ਕਸ਼ ਹੇਠ ਲਿਖੇ ਅਨੁਸਾਰ ਹੈ :

ਕਰਜ਼ਦਾਰ(ਾਂ)/ ਗਰੰਟਰ(ਾਂ) ਦਾ ਨਾਮ	ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ	ਸਕਿਓਰਡ ਅਸਾਸਿਆਂ ਦਾ ਵੇਰਵਾ (ਅਚੱਲ ਜਾਇਦਾਦ)
ਸ੍ਰੀ ਜਗਦੇਵ ਸਿੰਘ ਪਤੀ ਸਵ. ਸ੍ਰੀਮਤੀ ਮਨਜੀਤ ਕੌਰ, ਹੇਅਰਪੋਰਟ ਹੇਅਰ ਡਰੈਸਰ, ਮਨਜੀਤ ਕੌਰ ਬੁਟੀਕ (ਪ੍ਰੋਸਪੈਕਟ ਨੰ. IL10316203)	02.05.2025 ਨੂੰ ਰੁ. 7,43,305/- (ਸੱਤ ਲੱਖ ਤਰਤਾਲੀ ਹਜ਼ਾਰ ਤਿੰਨ ਸੌ ਪੰਜ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ : ਜਾਇਦਾਦ ਵਿਚੋਂ ਖਾਤਾ ਨੰ. 180/199 ਜੋ ਸਾਮਲ ਹੈ ਅਧੀਨ ਖਸਰਾ ਨੰ. 33//20/1(0-1), 138(0-14), 169(0-5), ਜਮੀਨ ਰਕਬਾ ਮਿਣਤੀ 2571 ਵ. ਫੁੱਟ ਕਾਰਪੈਟ ਰਕਬਾ ਮਿਣਤੀ 17.00 ਵ ਫ਼ੁੱਟ, ਉਸਾਰਿਆ ਰਕਬਾ ਮਿਣਤੀ 2062.90 ਵ. ਫੁੱਟ, ਸਥਿਤ ਹੈ ਪਿੰਡ ਨੀਲਾ ਨਲੋਆ/419, ਤਹਿ. ਤੇ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ 144208
ਸ੍ਰੀ ਗੁਰਨਾਮ ਸਿੰਘ, ਗੁਰਨਾਮ ਸਾਈਕਲ ਵਰਕਸ, ਸ੍ਰੀਮਤੀ ਗੁਰਮੀਤ ਕੌਰ (ਪ੍ਰੋਸਪੈਕਟ ਨੰ. IL10327448)	28.04.2025 ਨੂੰ ਰੁ. 738453/- (ਸੱਤ ਲੱਖ ਅਠੱਤੀ ਹਜ਼ਾਰ ਚਾਰ ਸੌ ਤਰਵੰਜਾ ਰੁ. ਸਿਰਫ਼)	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਜਾਇਦਾਦ ਵਿਚੋਂ ਮੁਰੱਬਾ ਨੰ. 38 ਕਿੱਲਾ ਨੰ 1/1/10-15 ਅਤੇ ਮੁਰੱਬਾ ਨੰ. 37 ਕਿੱਲਾ ਨੰ 5/2/20-16, ਪਿੰਡ ਰਾਓ ਕੇ ਹਿਠਾੜ, ਤਹਿਸੀਲ ਫਿਰੋਜ਼ਪੁਰ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-152002, ਰਕਬਾ ਮਿਣਤੀ (ਵ. ਫੁੱਟ 'ਚ) ਜਾਇਦਾਦ ਦੀ ਕਿਸਮ : Land_Area, Carpet_Area, Built_Up_Area, ਜਾਇਦਾਦ ਰਕਬਾ : 4219.00, 1000.00, 1322.00
ਸ੍ਰੀ ਸ਼ਿੰਗਾਰਾ ਸਿੰਘ, ਸ੍ਰੀਮਤੀ ਹਰਮੀਤ ਕੌਰ, ਸ਼ਿੰਗਾਰਾ ਡੇਅਰੀ (ਪ੍ਰੋਸਪੈਕਟ ਨੰ. IL10442657)	28.04.2025 ਨੂੰ ਰੁ. 673879.00/- (ਛੇ ਲੱਖ ਤੇਹੱਤਰ ਹਜ਼ਾਰ ਅੱਠ ਸੌ ਉਨਾਸੀ ਰੁ. ਸਿਰਫ਼)	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਜਾਇਦਾਦ ਵਿਚੋਂ ਖੇਵਟ ਨੰ. 246, ਖਤੌਨੀ ਨੰ. 475, ਮੁਰੱਬਾ ਨੰ 50//19/2(3-19), 20(3-18), ਪਿੰਡ ਰਾਈ ਕਾ ਹਿਠਾੜ, ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ, ਭਾਰਤ 152022, ਰਕਬਾ ਮਿਣਤੀ (ਵ. ਫੁੱਟ 'ਚ) ਜਾਇਦਾਦ ਦੀ ਕਿਸਮ : Land_Area, Built_Up_Area,Carpet_ Area, ਜਾਇਦਾਦ ਰਕਬਾ : 3811.00, 723.00, 578.00
ਸ੍ਰੀ ਜਗਤਾਰ ਸਿੰਘ , ਸ੍ਰੀਮਤੀ ਜਸਵਿੰਦਰ ਕੌਰ, ਜਸਵਿੰਦਰ ਬੁਟੀਕ (ਪ੍ਰੋਸਪੈਕਟ ਨੰ. IL10493339)	30.04.2025 ਨੂੰ ਰੁ. 778801/- (ਸੱਤ ਲੱਖ ਅਠੱਤਰ ਹਜ਼ਾਰ ਅੱਠ ਸੌ ਇੱਕ ਰੁ. ਸਿਰਫ਼)	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਜਿਸ ਦਾ ਖ਼ਸਰਾ ਨੰ. 2105/7-2, ਖੇਵਟ 98/86 ਅਤੇ ਖਤੌਨੀ ਨੰ. 120, ਪਿੰਡ ਗੁਰੂ ਤੇਗ ਬਹਾਦਰ ਨਗਰ, ਤਹਿਸੀਲ ਕੋਟਕਪੂਰਾ ਜ਼ਿਲ੍ਹਾ ਫਰੀਦਕੋਟ, ਪੰਜਾਬ, ਭਾਰਤ 151204, ਰਕਬਾ ਮਿਣਤੀ (ਵ. ਫੁੱਟ 'ਚ) ਜਾਇਦਾਦ ਦੀ ਕਿਸਮ : Land_Area, Built_Up_Area,Carpet_ Area, ਜਾਇਦਾਦ ਰਕਬਾ : 1110.00, 335.00, 284.00
ਸ੍ਰੀਮਤੀ ਪ੍ਰੀਤਪਾਲ ਕੌਰ ਪਤਨੀ ਸਵ. ਸ੍ਰੀ ਬਲਜੀਤ ਸਿੰਘ (ਪ੍ਰੋਸਪੈਕਟ ਨੰ. IL10469949)	02.05.2025 ਨੂੰ ਰੁ. 10,51,370/- (ਦਸ ਲੱਖ ਇਕਵੰਜਾ ਹਜ਼ਾਰ ਤਿੰਨ ਸੌ ਸੱਤਰ ਰੁ. ਸਿਰਫ਼)	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਜੋ ਕਿ : ਜਾਇਦਾਦ ਜਿਸ ਦਾ ਖੇਵਟ ਨੰ. 775, ਖਤੌਨੀ ਨੰ. 1089, ਮੁਸਤਿਲ ਨੰ. 152, ਜਮੀਨ ਰਕਬਾ ਮਿਣਤੀ : 1116 ਵ. ਫੁੱਟ, ਕਿੱਲਾ ਨੰ. 2/2(3-4), 3/2(2-9), 88-0(, 9(7-8), 12(2-11), 13(6-12) ਰੁਪਾਣਾ, ਸ੍ਰੀ ਮੁਕਤਸਰ ਸਾਹਿਬ, ਪੰਜਾਬ 152032

ਜੇਕਰ ਆਈਆਈਐਫਐਲ ਐਚਐਫਐਲ ਨੂੰ ਉਪਰ ਦੱਸੀ ਰਕਮ ਅਦਾ ਕਰਨ ਵਿਚ ਕਰਜ਼ਦਾਰ ਅਸਫ਼ਲ ਰਹਿੰਦੇ ਹਨ ਤਾਂ ਆਈਆਈਐਫਐਲ ਐਚਐਫਐਲ ਉਪਰ ਦੱਸੇ ਐਕਟ ਦੀ ਸੈਕਸ਼ਨ 13(4) ਅਧੀਨ ਅਗਲੀ ਕਾਰਵਾਈ ਕੀਤੀ ਜਾਵੇਗੀ ਅਤੇ ਰੂਲ ਲਾਗੂ ਹੋਣ 'ਤੇ ਰਿਸਕ, ਖਰਚਾ ਅਤੇ ਨਤੀਜਾ ਕਰਜ਼ਦਾਰ ਭੁਗਤੇਗਾ। ਹੋਰ ਵੇਰਵਿਆਂ ਲਈ ਕਿਰਪਾ ਕਰਕੇ ਅਧਿਕਾਰਤ ਅਫ਼ਸਰ ਬ੍ਰਾਂਚ ਦਫ਼ਤਰ : ਐਸਸੀਓ ਨੰ. 21, ਪੰਜਵੀਂ ਮੰਜ਼ਿਲ, ਲੁਧਿਆਣਾ, ਫਿਰੋਜ਼ਗਾਂਧੀ ਮਾਰਕੀਟ, ਲੁਧਿਆਣਾ, ਪੰਜਾਬ-14101/ਐਸਸੀਓ 32, ਦੂਜੀ ਮੰਜ਼ਿਲ, ਪਾਲ ਪਲਾਜ਼ਾ,ਬੀ ਬਲਾਕ ਰਣਜੀਤ ਐਵੀਨਿਊ, ਅੰਮ੍ਰਿਤਸਰ, ਪੰਜਾਬ-143006/ਦੂਜੀ ਮੰਜ਼ਿਲ, ਸਾਈ ਮਾਲ, ਨੇੜੇ ਕੇਐਫ਼ਸੀ, ਮਾਡਲ ਟਾਊਨ, ਜਲੰਧਰ-144001/ਜਾਂ ਕਾਰਪੋਰੇਟ ਦਫ਼ਤਰ : ਆਈਆਈਐਫਐਲ ਟਾਵਰ, ਪਲਾਟ ਨੰ: 98, ਫੇਜ਼ 4, ਉਦਯੋਗ ਵਿਹਾਰ, ਗੁੜਗਾਉਂ, ਹਰਿਆਣਾ

ਸਥਾਨ : ਪੰਜਾਬ, ਮਿਤੀ 07-05-2025 ਸਹੀ/- ਅਧਿਕਾਰਤ ਅਫ਼ਸਰ, ਆਈਆਈਐਫਐਲ ਹੋਮ ਫਾਇਨਾਂਸ ਲਿਮ. ਲਈ

ੴ ਸ਼੍ਰੀ ਵਾਹਿਗੁਰੂ ਜੀ ਕੀ ਫ਼ਤਹਿ
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਇਕ ਅਦਾਰਾ)

ਪੀ.ਐਸ.ਬੀ

ੴ ਸ਼੍ਰੀ ਵਾਹਿਗੁਰੂ ਜੀ ਕੀ ਫ਼ਤਹਿ
PUNJAB & SIND BANK
(A GOVT. OF INDIA UNDERTAKING)

ਈ-ਨਿਲਾਮੀ ਵਿਕਰੀ ਸੂਚਨਾ ਜ਼ੋਨਲ ਦਫਤਰ: ਫਰੀਦਕੋਟ ਈ-ਨਿਲਾਮੀ ਵਿਕਰੀ ਸੂਚਨਾ

ਲੜੀ ਨੰ:	ਬ੍ਰਾਂਚ/ਖਾਤਾ/ਕਰਜ਼ਦਾਰ(ਾਂ)/ਗਰੰਟਰ (ਾਂ) ਦਾ ਨਾਮ	ਚੱਲ/ਅਚੱਲ ਜਾਇਦਾਦ/ਦਾਂ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ/ਰਕਮ	ਰਾਖਵੀਂ ਕੀਮਤ ਈਐਮਡੀ ਬੋਲੀ ਵਾਧਾ ਰਕਮ	ਅਧਿਕਾਰਤ ਅਫ਼ਸਰ ਦਾ ਨਾਮ ਅਤੇ ਸੰਪਰਕ ਨੰਬਰ ਅਤੇ ਬ੍ਰਾਂਚ ਦੀ ਈਮੇਲ	ਜਾਇਦਾਦ ਪੜਤਾਲ ਦੀ ਮਿਤੀ ਤੇ ਸਮਾਂ	ਕਬਜ਼ੇ ਦੀ ਈਐਮਡੀ ਜਮਾਂ ਕਰਾਉਣ ਦੀ ਆਖਰੀ ਮਿਤੀ ਤੇ ਸਮਾਂ	ਈ-ਨਿਲਾਮੀ ਦੀ ਮਿਤੀ/ਸਮਾਂ	QR ਕੋਡ ਫੋਟੋ	QR ਕੋਡ ਲੋਕੇਸ਼ਨ	QR ਬੈਂਕਨੈਟ	ਸਰਕਾਰੀ ਬਕਾਇਆ ਜੇ ਕੋਈ ਹੈ
7.	ਕਰਜ਼ਦਾਰ : ਕਰਜ਼ਦਾਰ : ਮੈਸ. ਕੇ ਬੀ ਕੋਟਜਿਨ ਪ੍ਰਾ. ਲਿਮ., ਰਜਿ. ਦਫਤਰ : ਪਿੰਡ ਬੁਰਜ ਮੁਹਾਰ, ਫਾਜ਼ਿਲਕਾ ਰੋਡ, ਅਬੋਹਰ-152116 (2) ਸ੍ਰੀ ਅਸ਼ੋਕ ਕੁਮਾਰ ਗਾਂਧੀ ਪੁੱਤਰ ਸ੍ਰੀ ਸਰਦਾਰੀ ਲਾਲ ਗਾਂਧੀ (ਡਾਇਰੈਕਟਰ) ਵਾਸੀ ਮੀਡਸਟ੍ਰੀਮ, ਗਲੀ ਨੰਬਰ 05, ਨਿਊ ਸੂਰਜ ਨਗਰੀ ਕਾਲਜ ਰੋਡ ਅਬੋਹਰ, 152116, (3.) ਸ੍ਰੀ ਅਮਿਤ ਗਾਂਧੀ ਪੁੱਤਰ ਸ੍ਰੀ ਸਰਦਾਰੀ ਲਾਲ ਗਾਂਧੀ (ਡਾਇਰੈਕਟਰ) ਵਾਸੀ ਮੀਡਸਟ੍ਰੀਮ, ਗਲੀ ਨੰਬਰ 05, ਨਿਊ ਸੂਰਜ ਨਗਰੀ ਕਾਲਜ ਰੋਡ ਅਬੋਹਰ, 152116, (4) ਸ੍ਰੀ ਅਸ਼ੀਸ਼ ਗਾਂਧੀ ਸ੍ਰੀ ਸਰਦਾਰੀ ਲਾਲ ਗਾਂਧੀ (ਡਾਇਰੈਕਟਰ) ਵਾਸੀ ਮੀਡਸਟ੍ਰੀਮ, ਗਲੀ ਨੰਬਰ 05, ਨਿਊ ਸੂਰਜ ਨਗਰੀ ਕਾਲਜ ਰੋਡ ਅਬੋਹਰ, 152116, (5) ਸ੍ਰੀਮਤੀ ਨੀਰਾ ਗਾਂਧੀ ਪਤਨੀ ਸ੍ਰੀ ਅਸ਼ੋਕ ਕੁਮਾਰ ਗਾਂਧੀ (ਗਰੰਟਰ) ਵਾਸੀ ਮੀਡਸਟ੍ਰੀਮ, ਗਲੀ ਨੰਬਰ 05, ਨਿਊ ਸੂਰਜ ਨਗਰੀ ਕਾਲਜ ਰੋਡ ਅਬੋਹਰ, 152116, (6) ਸ੍ਰੀ ਰਵਿੰਦਰ ਚਲਾਨਾ ਪੁੱਤਰ ਸ੍ਰੀ ਖੁਸ਼ਹਾਲ ਸਿੰਘ ਚਲਾਨਾ (ਗਰੰਟਰ) ਵਾਸੀ ਮਕਾਨ ਨੰਬਰ 524, ਕ੍ਰਿਸ਼ਨ ਨਗਰੀ, ਅਬੋਹਰ-152116, **ਬਰਾਂਚ ਦਫ਼ਤਰ : ਸਰਕੂਲਰ ਰੋਡ, ਅਬੋਹਰ**	ਰਿਹਾਇਸ਼ੀ ਮਕਾਨ ਦੋ ਮੰਜ਼ਿਲਾ ਉਸਾਰਿਆ ਹੋਇਆ (ਮਿਡਸਟ੍ਰੀਮ ਕਾਲਜ ਰੋਡ, ਅਬੋਹਰ ਵਿਖੇ ਸਥਿਤ) ਕੁੱਲ ਜ਼ਮੀਨ ਮਿਣਤੀ 3ਕੇ 18ਐਮ ਸ਼ਾਮਲ ਹੈ ਵਿਚ 2 ਟਾਈਲ ਡੀਡ : ਜਾਇਦਾਦ ਜੋ ਸ਼ਾਮਲ ਹੈ ਵਿਚ ਟਰਾਂਸਫਰ ਡੀਡ ਨੰਬਰ 2020-21/54/1/1169, ਮਿਤੀ 10.08.2020 ਨੂੰ, ਪਲਾਟ ਮਿਣਤੀ 66*159=10494 ਵ. ਫੁਟ ਭਾਵ 01ਕੇ19ਐਮ, ਸ੍ਰੀ ਅਸ਼ੀਸ਼ ਕੁਮਾਰ ਪੁੱਤਰ ਅਸ਼ੋਕ ਕੁਮਾਰ ਦੇ ਨਾਂ 'ਤੇ (ੳ) 9 ਅਤੇ 1/2 ਮਰਲੇ ਕੁੱਲ ਰਕਬਾ ਮਿਣਤੀ 07ਕੇ03ਐਮ ਦਾ 19/286 ਹਿੱਸਾ ਜੋ ਸ਼ਾਮਲ ਹੈ ਵਿਚ ਖਸਰਾ ਨੰਬਰ 1509/2/35(7-3), ਖੇਵਟ ਨੰਬਰ 2449 (ਅ) 01ਕੇ 9 ਅਤੇ 1/2 ਮਰਲੇ ਜੋ ਕੁੱਲ ਰਕਬਾ ਮਿਣਤੀ 02ਕੇ 19ਐਮ ਦਾ 1/2 ਹਿੱਸਾ, ਜੋ ਸ਼ਾਮਲ ਹੈ ਵਿਚ ਖਸਰਾ ਨੰਬਰ 1509/2/13(2-19), ਖੇਵਟ ਨੰਬਰ 2448, ਖਤੌਨੀ ਨੰਬਰ 3277, ਜਮ੍ਹਾਂਬੰਦੀ ਸਾਲ 2016-17 ਅਨੁਸਾਰ ਸਥਿਤ ਹੈ ਨਿਊ ਸੂਰਜ ਨਗਰੀ, ਗਲੀ ਨੰਬਰ 5-6, ਅਬੋਹਰ ਵਿਖੇ ਪਿੰਡ ਅਜ਼ੀਮਗੜ੍ਹ, ਤਹਿਸੀਲ ਅਬੋਹਰ ਦੀ ਰੈਵਨਿਊ ਅਸਟੇਟ ਦੇ ਨਾਲ। * ਜਾਇਦਾਦ ਜੋ ਸ਼ਾਮਲ ਹੈ ਵਿਚ ਟਰਾਂਸਫਰ ਡੀਡ ਨੰ. 2020-21/54/1/1168 ਮਿਤੀ 10.08.2020 ਨੂੰ ਪਲਾਟ ਦੀ ਮਿਣਤੀ 66*159=10494 ਵ.ਫੁਟ ਭਾਵ 01ਕੇ19ਐਮ ਸ੍ਰੀ ਅਮਿਤ ਕੁਮਾਰ ਪੁੱਤਰ ਸ੍ਰੀ ਅਸ਼ੋਕ ਕੁਮਾਰ ਦੇ ਨਾਮ 'ਤੇ। (ੳ) 9 ਅਤੇ 1/2 ਮਰਲੇ ਜੋ ਕਿ ਕੁੱਲ ਰਕਬਾ ਮਿਣਤੀ 07 ਕੇ 03ਐਮ ਦਾ 19/286 ਹਿੱਸਾ ਜੋ ਸ਼ਾਮਲ ਹੈ ਵਿਚ ਖਸਰਾ ਨੰਬਰ 1509/2/35(7-3), ਖੇਵਟ ਨੰਬਰ 2449 (ਅ) 01ਕੇ 9 ਐਮ ਅਤੇ 1/2 ਮਰਲੇ ਜੋ ਕਿ ਕੁੱਲ ਰਕਬਾ ਮਿਣਤੀ 02ਕੇ 19ਐਮ ਦਾ 1/2 ਹਿੱਸਾ ਜੋ ਸ਼ਾਮਲ ਹੈ ਵਿਚ ਖਸਰਾ ਨੰਬਰ 1509/2/13(2-19), ਖੇਵਟ ਨੰਬਰ 2448, ਖਤੌਨੀ ਨੰਬਰ 3277 ਜਮ੍ਹਾਂਬੰਦੀ ਸਾਲ 2016-17 ਅਨੁਸਾਰ ਸਥਿਤ ਹੈ ਨਿਊ ਸੂਰਜ ਨਗਰੀ, ਗਲੀ ਨੰਬਰ 5-6, ਅਬੋਹਰ ਵਿਖੇ ਅਜ਼ੀਮਗੜ੍ਹ ਤਹਿਸੀਲ ਅਬੋਹਰ ਦੀ ਰੈਵਨਿਊ ਅਸਟੇਟ ਦੇ ਅੰਦਰ, ਹੱਦਾਂ ਇਸ ਤਰ੍ਹਾਂ : ਉੱਤਰ: ਗਲੀ, ਪੱਛਮ: ਗਲੀ, ਪੂਰਬ : ਗਲੀ, ਦੱਖਣ : ਗਲੀ		Rs. 4,00,00,000/- Rs. 40,00,000/- Rs. 1,50,000/-	Ashwani Agarwal Chief Manager, Mob. No. 9311612109 Email id : a0273@psb.co.in	22.05.2025 11:00 A.M. to 12:00 Noon	27.05.2025 upto 04:00 PM Symbolic Possession	28.05.2025 12:00 PM to 03:00 PM				Not Known to the Bank

ਨਿਯਮ ਤੇ ਸ਼ਰਤਾਂ: ਈ-ਨੀਲਾਮੀ "ਜਿਵੇਂ ਹੈ ਜਿਥੇ ਹੈ ਅਤੇ ਜੋ ਵੀ ਹੈ" ਦੇ ਆਧਾਰ ਕੀਤੀ ਜਾਵੇਗੀ। 1. ਅਧਿਕਾਰਤ ਅਫ਼ਸਰ ਦੇ ਸਰਬੋਤਮ ਗਿਆਨ ਅਤੇ ਸੂਚਨਾ ਮੁਤਾਬਕ ਜਾਇਦਾਦ 'ਤੇ ਕੋਈ ਵੀ ਕੋਈ ਝੰਜਟ ਨਹੀਂ ਹੈ। ਫ਼ਿਰ ਵੀ ਚਾਹਵਾਨ ਬੋਲੀਕਾਰ ਆਪਣੀ ਬੋਲੀ ਪੇਸ਼ ਕਰਨ ਤੋਂ ਪਹਿਲਾਂ ਜਾਇਦਾਦ 'ਤੇ ਦਾਅਵਿਆਂ/ਹੱਕਾਂ/ਬਕਾਇਆਂ/ਪ੍ਰਭਾਵਾਂ ਅਤੇ ਨਿਲਾਮੀ ਲਈ ਰੱਖੀ ਜਾਇਦਾਦ/ਜਾਇਦਾਦਾਂ ਦੀ ਮਾਲਕੀ ਝੰਜਟਾਂ ਬਾਰੇ ਅਪਣੇ ਤੌਰ 'ਤੇ ਜਾਂਚ-ਪੜਤਾਲ ਕਰ ਲੈਣ। ਈ-ਨੀਲਾਮੀ ਦਾ ਇਸ਼ਤਿਹਾਰ ਕਿਸੇ ਵੀ ਵਚਨਬੱਧਤਾ ਜਾਂ ਬੈਂਕ ਦੀ ਕਿਸੇ ਪ੍ਰਤੀਨਿਧਗੀ ਨੂੰ ਨਹੀਂ ਦਿਖਾਉਂਦਾ ਹੈ ਅਤੇ ਨਾ ਹੀ ਦਿਖਾਏਗਾ। ਜਾਇਦਾਦ ਨੂੰ ਸਾਰੇ ਮੌਜੂਦਾ ਅਤੇ ਭਵਿੱਖ ਝੰਜਟਾਂ ਸਮੇਤ ਵੇਚਿਆ ਜਾਵੇਗਾ ਭਾਵੇਂ ਉਹ ਬੈਂਕ ਦੀ ਜਾਣਕਾਰੀ 'ਚ ਹੋਣ ਜਾਂ ਨਾ। ਅਧਿਕਾਰਤ ਅਫ਼ਸਰ/ਸਕਿਓਰਡ ਕ੍ਰੈਡੀਟਰ ਕਿਸੇ ਤਰ੍ਹਾਂ ਵੀ ਤੀਜੀ ਧਿਰ ਦੇ ਦਾਅਵਿਆਂ/ ਹੱਕਾਂ/ ਬਕਾਇਆਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 2. ਇਹ ਬੋਲੀਕਰਤਾ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਬੋਲੀ ਜਮ੍ਹਾਂ ਕਰਾਉਣ ਤੋਂ ਪਹਿਲਾਂ ਜਾਇਦਾਦ ਦੀ ਪੜਤਾਲ ਕਰਕੇ ਤਸੱਲੀ ਕਰ ਲੈਣ। ਹਰੇਕ ਖਾਤੇ ਦੇ ਸਾਹਮਣੇ ਦਰਸਾਈ ਮਿਤੀ ਨੂੰ ਚਾਹਵਾਨ ਬੋਲੀਕਰਤਾ ਜਾਇਦਾਦ ਦੀ ਪੜਤਾਲ ਕਰ ਸਕਦੇ ਹਨ। 3. ਇੱਛੁਕ ਬੋਲੀਕਰਤਾਵਾਂ ਨੂੰ ਆਪਣੀ ਈ.ਐਮ.ਡੀ. , ਐਨ.ਈ.ਐਫ਼. ਟੀ./ਆਰ.ਟੀ.ਜੀ.ਐਸ. ਰਾਹੀਂ, ਡਿਮਾਂਡ ਡਰਾਫਟ ਦਾ ਵੇਰਵਾ ਉਪਰ ਦੱਸੇ ਅਨੁਸਾਰ ਅਤੇ ਵੈਬ ਪੋਰਟਲ **https://baanknet.com** (ਯੂਜ਼ਰ ਆਈਡੀ ਅਤੇ ਪਾਸਵਰਡ ਮੁਫ਼ਤ ਪ੍ਰਾਪਤ ਕਰਕੇ ਆਪਣੇ ਆਪ ਨੂੰ **https://baanknet.com** 'ਤੇ ਰਜਿਸਟਰਡ ਕਰ ਸਕਦੇ ਹਨ) ਲਾਗਇਨ ਕਰ ਸਕਦੇ ਹਨ। 4. ਬੋਲੀਕਰਤਾ ਵਲੋਂ ਵੈੱਬ ਪੋਰਟਲ 'ਤੇ ਰਜਿਸਟਰੇਸ਼ਨ ਤੋਂ ਬਾਅਦ ਇੱਛੁਕ ਖ਼ਰੀਦਦਾਰ ਨੂੰ ਹੇਠਾਂ ਲਿਖੇ ਦਸਤਾਵੇਜ਼ਾਂ ਦੀਆਂ ਕਾਪੀਆਂ ਬੋਲੀਆਂ ਜਮ੍ਹਾ ਕਰਵਾਉਣ ਦੀ ਆਖ਼ਰੀ ਮਿਤੀ ਤੋਂ ਪਹਿਲਾਂ ਜਮ੍ਹਾ ਕਰਵਾਉਣੀਆਂ ਹੋਣਗੀਆਂ ਜਿਵੇਂ ੳ) ਐਨ.ਈ.ਐਫ਼.ਟੀ./ਆਰ.ਟੀ.ਜੀ.ਐਸ. ਚਾਲਾਨ; ਅ) ਪੈਨ ਕਾਡ ਦੀ ਕਾਪੀ; ੲ) ਸ਼ਨਾਖਤ ਦਾ ਸਬੂਤ (ਕੇ ਵਾਈ ਸੀ) ਜਿਵੇਂ ਵੋਟਰ ਆਈ.ਡੀ. ਕਾਰਡ ਦੀ ਖ਼ੁਦ ਤਸਦੀਕ ਕੀਤੀ ਕਾਪੀ/ਡਰਾਈਵਿੰਗ ਲਾਇਸੰਸ/ ਪਾਸਪੋਰਟ ਆਦਿ ਸ) ਪਤੇ ਦੇ ਸਬੂਤ ਦੀ ਕਾਪੀ; ਇਸ ਤੋਂ ਬਿਨਾ ਬੋਲੀ ਨੂੰ ਨਾਮਨਜ਼ੂਰ ਕਰ ਦਿਤਾ ਜਾਵੇਗਾ। 5. ਇੱਛੁਕ ਬੋਲੀਕਰਤਾ ਜਿਨ੍ਹਾਂ ਨੂੰ ਲਾਗਇਨ ਆਈ.ਡੀ. ਅਤੇ ਪਾਸਵਰਡ ਬਣਾਉਣ, ਡਾਟਾ ਅਪਲੋਡ ਕਰਨ, ਬੋਲੀ ਜਮ੍ਹਾ ਕਰਵਾਉਣ, ਟ੍ਰੇਨਿੰਗ /ਡੈਮੋ, ਆਨਲਾਈਨ ਇੰਟਰ ਸੇ ਬਿਡਿੰਗ ਆਦਿ ਬਾਰੇ ਮਦਦ ਚਾਹੀਦੀ ਹੋਵੇ ਉਹ ਕ੍ਰਿਪਾ ਕਰ ਕੇ : support.baanknet@psballaince.com + 91 82912 20220 'ਤੇ ਸੰਪਰਕ ਕਰ ਸਕਦੇ ਹਨ। 6. ਸਿਰਫ਼ ਜਾਇਜ਼ ਯੂਜ਼ਰ ਆਈ.ਡੀ./ਪਾਸਵਰਡ ਅਤੇ ਐਨ.ਈ.ਐਫ਼.ਟੀ/ਆਰ.ਟੀ.ਜੀ.ਐਸ. ਰਾਹੀਂ ਬਿਆਨਾ ਰਕਮ ਜਮ੍ਹਾ ਹੋਣ ਦੀ ਪੁਸ਼ਟੀ ਹੋਣ ਵਾਲੇ ਖ਼ਰੀਦਦਾਰਾਂ ਹੀ ਈ-ਨੀਲਾਮੀ ਪ੍ਰਕਿਰਿਆ 'ਚ ਹਿੱਸਾ ਲੈਣ ਦੇ ਹੱਕਦਾਰ ਹੋਣਗੇ। ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ **https://baanknet.com** 'ਤੇ ਜਾਓ।
ਨੋਟ : ਉਪਰੋਕਤ ਦਰਜ ਜਾਇਦਾਦਾਂ ਦੀ ਮਿਣਤੀ, ਹਾਲਾਂਕਿ ਨਿਲਾਮੀ ਵਿਚ ਹਿੱਸਾ ਲੈਣ ਤੋਂ ਪਹਿਲਾਂ ਸਾਈਟ 'ਤੇ ਬੋਲੀਕਾਰਾਂ ਵਲੋਂ ਅਤੇ ਮਾਲ ਅਧਿਕਾਰੀਆਂ ਦੇ ਰਿਕਾਰਡ ਤੋਂ ਵੀ ਤਸਦੀਕ ਕੀਤਾ ਜਾ ਸਕਦਾ ਹੈ।

ਈ-ਨਿਲਾਮੀ ਪੋਰਟਲ 'ਤੇ ਪ੍ਰਦਾਨ ਕੀਤੇ ਗਏ ਆਪਣੇ ਖੁਦ ਦੇ ਬਟੂਏ ਵਿੱਚ ਬੋਲੀਕਾਰਾਂ ਦੁਆਰਾ ਟਰਾਂਸਫਰ ਕੀਤੇ ਜਾਣ ਵਾਲੇ ਭਾਵ https://www.baanknet.com
ਖਾਤੇ ਦੇ ਵੇਰਵੇ ਜਿਸ ਵਿੱਚ ਈਐਮਡੀ ਤੋਂ ਬਾਅਦ ਬਾਕੀ ਬਚੀ ਰਕਮ RTGS/NEFT ਰਾਹੀਂ ਜਮ੍ਹਾਂ ਕੀਤੀ ਜਾਣੀ ਹੈ: ਖਾਤਾ ਨਾਮ NEFT ਪਾਰਕਿੰਗ ਖਾਤਾ, ਖਾਤਾ ਨੰਬਰ - 80055040070003, IFS CODE - PSIB0008005
ਸਰਫੇਸੀ ਐਕਟ, 2002 ਦੇ ਨਿਯਮ 8(6) ਦੇ ਤਹਿਤ ਕਾਨੂੰਨੀ 15 ਦਿਨਾਂ ਦੀ ਵਿਕਰੀ ਨੋਟਿਸ

ਮਿਤੀ : 06.05.2025 ਸਥਾਨ : ਫਰੀਦਕੋਟ (ਅਧਿਕਾਰਤ ਅਫ਼ਸਰ, ਪੰਜਾਬ ਐਂਡ ਸਿੰਧ ਬੈਂਕ)